19-Oct-3st-7-8-Pages.qxd 10/19/2025 9:30 PM Page 2



# ਡੇਰਾਬੱਸੀ ਹਲਕੇ 'ਚ ਹੜ੍ਹ ਪੀੜਤਾਂ ਨੂੰ 4.50 ਕਰੋੜ ਰੁ. ਦਾ ਮੁਆਵਜ਼ਾ ਵੰਡਿਆ-ਵਿਧਾਇਕ ਰੰਧਾਵਾ

## ਕਿਹਾ, ਪੰਜਾਬ 'ਚ ਪਹਿਲੀ ਵਾਰ ਪ੍ਰਤੀ ਏਕੜ 20 ਹਜ਼ਾਰ ਰੁ. ਮੁਆਵਜ਼ਾ ਦਿੱਤਾ ਗਿਆ

ਡੇਰਾਬੱਸੀ, 19 ਅਕਤੂਬਰ (ਰਣਬੀਰ ਸਿੰਘ ਪੜ੍ਹੀ)-ਵਿਧਾਨ ਸਭਾ ਹਲਕਾ ਡੇਰਾਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵਲੋਂ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ। ਇਸ ਸੰਬੰਧੀ ਸਮਾਗਮ ਮੁਬਾਰਕਪੁਰ ਦੇ ਗੈਸਟ ਹਾਊਸ ਵਿਖੇ ਕਰਵਾਇਆ ਗਿਆ, ਜਿਸ ਦੌਰਾਨ ਹੰਸਾਲਾ, ਟਿਵਾਣਾ, ਡੰਗਡੇਹਰਾ, ਖਜੂਰ ਮੰਡੀ, ਲਾਲੜੂ, ਸਿਤਾਰਪੁਰ, ਸਰਸੀਣੀ, ਮੁਬਾਰਕਪੁਰ ਖੇੜੀ, ਆਲਮਗੀਰ ਤੇ ਧਰਮਗੜ੍ਹ ਸਮੇਤ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਸੱਦਿਆ ਗਿਆ ਸੀ। ਇਸ ਮੌਕੇ ਵਿਧਾਇਕ ਰੰਧਾਵਾ ਨੇ ਦੱਸਿਆ ਕਿ ਡੇਰਾਬੱਸੀ ਹਲਕੇ ਦੇ ਲਗਭਗ 21 ਹੜ੍ਹ ਪ੍ਰਭਾਵਿਤ ਪਿੰਡਾਂ 'ਚ 3200 ਏਕੜ ਜ਼ਮੀਨ ਨੂੰ ਨੁਕਸਾਨ ਪੁੱਜਿਆ ਸੀ, ਜਿਸ ਲਈ 4.50 ਕਰੋੜ ਰੁ. ਦਾ ਮੁਆਵਜ਼ਾ ਕਰੀਬ 1500 ਪਰਿਵਾਰਾਂ 'ਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ, ਜਦੋਂ ਪੰਜਾਬ ਸਰਕਾਰ ਵਲੋਂ ਪ੍ਰਤੀ ਏਕੜ 20 ਹਜ਼ਾਰ ਰੁ. ਦਾ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਸਿਰਫ਼ 30 ਦਿਨਾਂ ਦੇ ਅੰਦਰ-ਅੰਦਰ ਮੁਆਵਜ਼ੇ ਦੀ ਵੰਡ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੁਝ ਰਾਸ਼ੀ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ 'ਚ ਪੈ ਚੁੱਕੀ ਹੈ, ਜਦਕਿ ਬਾਕੀ ਰਾਸ਼ੀ ਵੀ ਜਲਦ ਟਰਾਂਸਫਰ ਹੋਣ ਜਾ ਰਹੀ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੇ ਘਰਾਂ ਜਾਂ ਫ਼ਸਲਾਂ ਨੂੰ ਨੁਕਸਾਨ ਪੁੱਜਿਆ ਸੀ, ਉਨ੍ਹਾਂ ਦੇ ਖਾਤਿਆਂ 'ਚ ਵੀ 15 ਦਿਨਾਂ ਦੇ ਅੰਦਰ-ਅੰਦਰ ਮੁਆਵਜ਼ਾ ਰਾਸ਼ੀ ਪਹੁੰਚ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਯਤਨਾਂ ਸਦਕਾ ਘੱਗਰ ਦਰਿਆ 'ਤੇ ਬਣਾਏ ਗਏ ਪੱਥਰਾਂ ਦੇ ਬੰਨ੍ਹ ਕਾਰਨ ਡੇਰਾਬੱਸੀ ਹਲਕੇ ਨੂੰ ਇਸ ਵਾਰ ਜ਼ਿਆਦਾ ਨੁਕਸਾਨ ਨਹੀਂ ਹੋਇਆ। ਇਸ ਮੌਕੇ ਐਸ. ਡੀ. ਐਮ. ਡੇਰਾਬੱਸੀ ਅਮਿਤ ਗੁਪਤਾ, ਨਾਇਬ ਤਹਿਸੀਲਦਾਰ ਬਨੂੰੜ, ਇਲਾਕੇ ਦੇ ਪੰਚ-ਸਰਪੰਚ, ਕਿਸਾਨ ਤੇ ਪਤਵੰਤੇ ਹਾਜ਼ਰ ਸਨ।



ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਐਸ. ਡੀ. ਐਮ. ਅਮਿਤ ਗੁਪਤਾ ਇਕ ਹੜ੍ਹ ਪੀੜਤ ਕਿਸਾਨ ਨੂੰ ਮੁਆਵਜ਼ਾ ਰਾਸ਼ੀ ਦਾ ਮਨਜ਼ੂਰੀ ਪੱਤਰ ਸੌਂਪਦੇ ਹੋਏ। ਤਸਵੀਰ : ਰਣਬੀਰ ਸਿੰਘ ਪੜ੍ਹੀ



ਹੜ੍ਹ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਰਵਾਨਾ ਕਰਦੇ ਹੋਏ ਭਾਕਿਯੂ ਲੱਖੋਵਾਲ ਯੂਨੀਅਨ ਦੇ ਆਗੂ। ਤਸਵੀਰ : ਰਾਜਬੀਰ ਸਿੰਘ

# ਹੜ੍ਹ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਲੈ ਕੇ ਲੱਖੋਵਾਲ ਯੂਨੀਅਨ ਦਾ ਜਥਾ ਰਵਾਨਾ

ਲਾਲੜੂ, 19 ਅਕਤੂਬਰ (ਰਾਜਬੀਰ ਸਿੰਘ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਡੇਰਾਬੱਸੀ ਦਾ ਜਥਾ ਰਾਹਤ ਸਮੱਗਰੀ ਦੀਆਂ ਗੱਡੀਆਂ ਲੈ ਕੇ ਪੰਜਾਬ ਦੇ ਹੜ੍ਹ ਪੀੜਤ ਖੇਤਰ ਅਜਨਾਲਾ ਵੱਲ ਨੂੰ ਰਵਾਨਾ ਹੋਇਆ। ਇਸ ਜਥੇ ਨੂੰ ਜਥੇਬੰਦੀ ਦੇ ਸੂਬਾਈ ਕਾਰਜਕਾਰਨੀ ਮੈਂਬਰ ਮਨਪ੍ਰੀਤ ਸਿੰਘ ਅਮਲਾਲਾ ਵਲੋਂ ਹਰੀ ਝੰਡੀ ਦਿਖਾਈ ਗਈ। ਇਸ ਮੌਕੇ ਮਨਪ੍ਰੀਤ ਸਿੰਘ ਅਮਲਾਲਾ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਕਿਸਾਨ ਤੇ ਮਜ਼ਦੂਰ ਹਿਤੈਸ਼ੀ ਜਥੇਬੰਦੀ ਹੈ, ਜੋ ਕਿ ਕਿਸੇ ਵੀ ਕਿਸਾਨ ਤੇ ਮਜ਼ਦੂਰ ਨੂੰ ਜੇਕਰ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਨਾਲ ਖੜ੍ਹਦੀ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਘੱਗਰ ਦੇ ਬੰਨ੍ਹ ਨੇੜੇ ਪਿੰਡ ਟਿਵਾਣਾ 'ਚ ਵੀ ਕਾਰ ਸੇਵਾ ਕਰ ਰਹੀ ਹੈ। ਇਸ ਕਾਰ ਸੇਵਾ ਦੇ ਤਹਿਤ ਅੱਜ ਲੱਖੋਵਾਲ ਜਥੇਬੰਦੀ ਅਜਨਾਲਾ ਏਰੀਏ ਵੱਲ ਨੂੰ ਰਾਹਤ ਸਮੱਗਰੀ ਲੈ ਕੇ ਰਵਾਨਾ ਹੋਈ। ਉਨ੍ਹਾਂ ਕਿਹਾ ਕਿ ਇਹ ਰਾਹਤ ਸਮੱਗਰੀ ਲੋੜਵੰਦ ਲੋਕਾਂ 'ਚ ਵੰਡੀ ਜਾਵੇਗੀ। ਇਸ ਮੌਕੇ ਰਣਜੀਤ ਸਿੰਘ ਰਾਣਾ ਕਾਰਜਕਾਰੀ ਪ੍ਰਧਾਨ ਬਲਾਕ ਡੇਰਾਬੱਸੀ, ਹਰੀ ਸਿੰਘ ਬਹੋੜਾ, ਜਗਤਾਰ ਸਿੰਘ ਝਾਰਮੜੀ, ਕੁਲਦੀਪ ਸਿੰਘ, ਸ਼ੇਰ ਸਿੰਘ, ਗੁਰਪਾਲ ਸਿੰਘ, ਕੇਹਰ ਸਿੰਘ, ਬਖਸ਼ੀਸ਼ ਸਿੰਘ, ਬਲਬੀਰ ਸਿੰਘ ਤੇ ਜਸਵਿੰਦਰ ਸਿੰਘ ਅਮਲਾਲਾ ਆਦਿ ਵੀ ਹਾਜ਼ਰ ਸਨ।

# ਡੇਰਾਬੱਸੀ ਦੇ ਸਰਕਾਰੀ ਕਾਲਜ ਵਿਖੇ ਖ਼ਾਲੀ ਦੀਵਿਆਂ ਨਾਲ ਗੈਸਟ ਫੈਕਲਟੀ ਅਧਿਆਪਕਾਂ ਨੇ ਮਨਾਈ ਕਾਲੀ ਦੀਵਾਲੀ

## ਤਨਖ਼ਾਹ ਨਾ ਮਿਲਣ ਕਾਰਨ ਅਧਿਆਪਕਾਂ ਨੇ ਸਰਕਾਰ ਖ਼ਿਲਾਫ਼ ਪ੍ਰਗਟਾਇਆ ਰੋਸ

ਡੇਰਾਬੱਸੀ, 19 ਅਕਤੂਬਰ (ਰਣਬੀਰ ਸਿੰਘ ਪੜ੍ਹੀ)-ਸਰਕਾਰੀ ਕਾਲਜ ਡੇਰਾਬੱਸੀ ਦੇ ਗੈਸਟ ਫੈਕਲਟੀ ਅਧਿਆਪਕਾਂ ਨੇ ਪਿਛਲੇ 8 ਤੋਂ 10 ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਦੇ ਵਿਰੋਧ 'ਚ ਖਾਲੀ ਦੀਵਿਆਂ ਨਾਲ ਕਾਲੀ ਦੀਵਾਲੀ ਮਨਾਈ। ਅਧਿਆਪਕਾਂ ਦਾ ਕਹਿਣਾ ਸੀ ਕਿ ਉਹ ਸਰਕਾਰੀ ਕਾਲਜਾਂ 'ਚ ਕਈ ਸਾਲਾਂ ਤੋਂ ਪੂਰੀ ਇਮਾਨਦਾਰੀ ਨਾਲ ਸੇਵਾਵਾਂ ਦਿੰਦੇ ਆ ਰਹੇ ਹਨ, ਪਰ ਇਸ ਵਾਰ ਉਨ੍ਹਾਂ ਨੂੰ ਖੁਸ਼ੀ ਦੇ ਤਿਉਹਾਰ ਦੀ ਥਾਂ ਦੁੱਖ ਨਾਲ ਦੀਵੇ ਜਲਾਉਣ ਪੈ ਰਹੇ ਹਨ। ਅਧਿਆਪਕਾਂ ਨੇ ਦੱਸਿਆ ਕਿ ਨਵੇਂ ਨਿਯੁਕਤ ਸਹਾਇਕ ਪ੍ਰੋਫੈਸਰਾਂ ਦੀ ਭਰਤੀ ਤੋਂ ਬਾਅਦ ਸਰਕਾਰ ਵਲੋਂ ਗੈਸਟ ਫੈਕਲਟੀ ਦੇ ਤਨਖ਼ਾਹ ਫੰਡ ਰੋਕ ਦਿੱਤੇ ਗਏ ਹਨ। ਤਨਖ਼ਾਹ ਨਾ ਮਿਲਣ ਕਾਰਨ ਉਨ੍ਹਾਂ ਲਈ ਘਰਾਂ ਦਾ ਖ਼ਰਚਾ ਚਲਾਉਣਾ ਬਹੁਤ ਮੁਸ਼ਕਿਲ ਹੋ ਗਿਆ ਹੈ, ਜਦਕਿ ਕਈ ਅਧਿਆਪਕ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ ਅਤੇ ਘਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਵੀ ਉਨ੍ਹਾਂ ਲਈ ਔਖਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਘਰਾਂ ਦੇ ਚੁੱਲ੍ਹੇ ਬੁੱਝਣ ਨਾ ਦੇਣ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਨੇ ਗੈਸਟ ਫੈਕਲਟੀਜ਼ ਨੂੰ ਦੀਵਾਲੀ ਵਰਗੇ ਪਵਿੱਤਰ ਤਿਉਹਾਰ 'ਤੇ ਵੀ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੀ ਇਸ ਸੀਜ਼ਨ 'ਚ ਸਾਰੇ ਲੋਕ ਆਪਣੇ ਘਰਾਂ ਵਿਚ ਖ਼ੁਸ਼ੀ ਦੇ ਦੀਵੇ ਜਲਾ ਰਹੇ ਹਨ, ਜਦਕਿ ਗੈਸਟ ਫੈਕਲਟੀਜ਼ ਦੇ ਘਰਾਂ 'ਚ ਅੰਧਕਾਰ ਛਾਇਆ ਹੋਇਆ ਹੈ। ਰੋਸ ਪ੍ਰਦਰਸ਼ਨ ਦੌਰਾਨ ਅਧਿਆਪਕਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀ ਤਨਖ਼ਾਹ ਤੁਰੰਤ ਜਾਰੀ ਕੀਤੀ ਜਾਵੇ ਤਾਂ ਜੋ ਉਹ ਆਪਣੇ ਪਰਿਵਾਰਾਂ ਨਾਲ ਚੰਗਾ ਜੀਵਨ ਬਤੀਤ ਕਰ ਸਕਣ ਤੇ ਤਿਉਹਾਰ ਮਨਾ ਸਕਣ। ਇਸ ਦੇ ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਤਨਖ਼ਾਹ ਜਾਰੀ ਨਾ ਕੀਤੀ ਗਈ ਤਾਂ ਉਹ ਅੰਦੋਲਨ ਕਰਨ ਲਈ ਮਜ਼ਬੂਰ ਹੋਣਗੇ।




ਡੇਰਾਬੱਸੀ ਵਿਖੇ ਸਰਕਾਰੀ ਕਾਲਜ ਦੇ ਗੈਸਟ ਫੈਕਲਟੀ ਅਧਿਆਪਕ ਤਨਖਾਹਾਂ ਜਾਰੀ ਨਾ ਹੋਣ ਕਾਰਨ ਸਰਕਾਰ ਖ਼ਿਲਾਫ਼ ਰੋਸ ਜ਼ਾਹਿਰ ਕਰਦੇ ਹੋਏ। ਤਸਵੀਰ : ਰਣਬੀਰ ਸਿੰਘ ਪੜ੍ਹੀ



ਦੁੱਧ ਉਤਪਾਦਕਾਂ ਨੂੰ ਬੋਨਸ ਦੇ ਚੈੱਕ ਦਿੰਦੇ ਹੋਏ ਡਾਇਰੈਕਟਰ ਪਰਮਜੀਤ ਕੌਰ ਅਤੇ ਹੋਰ। ਤਸਵੀਰ : ਰਾਜਬੀਰ ਸਿੰਘ

# ਗੈਸਟ ਫੈਕਲਟੀ ਪ੍ਰੋਫ਼ੈਸਰ ਵਲੋਂ ਕਾਲੀ ਦੀਵਾਲੀ ਮਨਾਉਣ ਦਾ ਲਿਆ ਫ਼ੈਸਲਾ

ਐੱਸ. ਏ. ਐੱਸ. ਨਗਰ, 19 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਸਰਕਾਰੀ ਕਾਲਜ ਮੁਹਾਲੀ ਦੇ ਗੈਸਟ ਫੈਕਲਟੀ ਸਹਾਇਕ ਪ੍ਰੋਫ਼ੈਸਰਾਂ ਵਲੋਂ ਪਿਛਲੇ 10 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਵਾਰ-ਵਾਰ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਦੇ ਬਾਵਜੂਦ ਵੀ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਲਗਾਤਾਰ ਲਾਰਾ ਲਗਾਇਆ ਜਾ ਰਿਹਾ, ਜਿਸ ਕਾਰਨ ਉਨ੍ਹਾਂ ਨੇ ਕਾਲੀ ਦੀਵਾਲੀ ਮਨਾਉਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਤਨਖ਼ਾਹਾਂ ਨਾ ਮਿਲਣ ਕਰਕੇ ਉਨ੍ਹਾਂ ਦੇ ਘਰਾਂ ਦੇ ਚੁੱਲ੍ਹੇ ਲੰਬੇ ਸਮੇਂ ਤੋਂ ਠੰਢੇ ਪੈ ਚੁੱਕੇ ਹਨ ਅਤੇ ਉਹ ਹਰ ਤਿਉਹਾਰ ਬਿਨਾਂ ਤਨਖ਼ਾਹ ਤੋਂ ਮਨਾਉਣ ਲਈ ਮਜ਼ਬੂਰ ਹੋ ਚੁੱਕੇ ਹਨ, ਜਿਸ ਕਰਕੇ ਉਨ੍ਹਾਂ ਦੀ ਹਾਲਤ ਤਰਸਯੋਗ ਹੋ ਗਈ ਹੈ, ਪਰ ਸਰਕਾਰ ਦੁਆਰਾ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀ ਜ਼ਿੰਦਗੀ ਦੇ 15 ਤੋਂ 20 ਕੀਮਤੀ ਸਾਲ ਇਨ੍ਹਾਂ ਕਾਲਜਾਂ ਨੂੰ ਦੇਣ ਦੇ ਬਾਵਜੂਦ ਵੀ ਉਨ੍ਹਾਂ ਦੀ ਵਿੱਤੀ ਹਾਲਤ ਤਰਸਯੋਗ ਬਣ ਗਈ ਹੈ, ਜਿਸ ਕਾਰਨ ਉਨ੍ਹਾਂ ਕੋਲ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਬਾਕੀ ਨਹੀਂ ਰਿਹਾ।

# ਸਾਈਕਲਿੰਗ ਲੜਕਿਆਂ ਦੇ ਮੁਕਾਬਲੇ 'ਚ ਪਹਿਲੇ 2 ਸਥਾਨ ਸੇਂਟ ਜੌਨ ਸਕੂਲ ਸੈਕਟਰ-26 ਨੇ ਜਿੱਤੇ

ਚੰਡੀਗੜ੍ਹ, 19 ਅਕਤੂਬਰ (ਬਲਜਿੰਦਰ ਸਿੰਘ ਹਾਂਡਾ)-ਚੰਡੀਗੜ੍ਹ ਦੇ ਸਕੂਲ ਸਿੱਖਿਆ ਵਿਭਾਗ ਵਲੋਂ ਕਰਵਾਏ ਜਾ ਰਹੇ ਅੰਤਰ ਸਕੂਲ ਸਟੇਟ ਟੂਰਨਾਮੈਂਟ ਸਾਈਕਲਿੰਗ ਦੇ 14 ਸਾਲਾ ਲੜਕਿਆਂ ਦੇ ਮੁਕਾਬਲੇ 'ਚ ਸੇਂਟ ਜੌਨ ਸਕੂਲ ਸੈਕਟਰ-26 ਹਰਰੂਪ ਸਿੰਘ ਪਹਿਲੇ ਸਥਾਨ ਤੇ ਇਸੀ ਸਕੂਨ ਦਾ ਹਰਨੇਸ਼ ਸਿੰਘ ਦੂਸਰੇ ਸਥਾਨ 'ਤੇ ਅਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਅਲੀਸ਼ੇਰ ਦਾ ਅਸ਼ੋਕਪਾਲ ਤੀਸਰੇ ਸਥਾਨ 'ਤੇ ਰਿਹਾ। ਸਾਈਕਲਿੰਗ 17 ਸਾਲਾ ਲੜਕਿਆਂ ਦੇ ਮੁਕਾਬਲੇ 'ਚ ਸੇਂਟ ਜੌਨ ਸਕੂਲ ਸੈਕਟਰ-26 ਦਾ ਸੌਰਵਵੀਰ ਸਿੰਘ ਪਹਿਲੇ, ਇਸੇ ਸਕੂਲ ਦਾ ਅਰਜੇਲੋ ਦੂਸਰੇ ਸਥਾਨ ਤੇ ਭਵਨ ਵਿਦਿਆਲਯ ਦਾ ਨਰਿੰਦਰ ਸਿੰਘ ਤੀਸਰੇ ਸਥਾਨ 'ਤੇ ਰਿਹਾ। ਲੜਕੀਆਂ 14 ਸਾਲਾ ਸਾਈਕਲਿੰਗ ਦੇ ਮੁਕਾਬਲੇ 'ਚ ਸਰਕਾਰੀ ਮਾਡਲ ਹਾਈ ਸਕੂਲ ਸੈਕਟਰ-14 ਦੀ ਆਸ਼ਮਿਤਾ ਪਾਂਡੇ ਦੂਸਰੇ ਅਤੇ ਸਰਕਾਰੀ ਮਾਡਲ ਸਕੂਲ ਖੁੱਡਾ ਅਲੀਸ਼ੇਰ ਦੀ ਸੋਭਾ ਤੀਸਰੇ ਸਥਾਨ 'ਤੇ ਰਹੀ। ਲੜਕੀਆਂ 17 ਸਾਲਾ ਸਾਈਕਲਿੰਗ ਦੇ ਮੁਕਾਬਲੇ 'ਚ ਸਰਕਾਰੀ ਮਾਡਲ ਹਾਈ ਸਕੂਲ ਸੈਕਟਰ-12 ਦੀ ਸਾਧਨਾ ਕੁਮਾਰੀ ਪਹਿਲੇ, ਮਨਦੀਪ ਕੌਰ ਦੂਸਰੇ ਅਤੇ ਖੁੱਡਾ ਅਲੀ ਸੇਰ ਸਕੂਲ ਦੀ ਨੰਦਿਨੀ ਤੀਸਰੇ ਸਥਾਨ 'ਤੇ ਰਹੀ। ਸਾਈਕਲਿੰਗ 19 ਸਾਲਾ ਲੜਕੀਆਂ ਦੇ ਮੁਕਾਬਲਿਆਂ 'ਚ ਸੇਂਟ ਸੋਲਜਰ ਸਕੂਲ ਸੈਕਟਰ-28 ਦੀ ਪੁਨਿਆ ਦੱਤਾ ਪਹਿਲੇ ਸਥਾਨ, ਡੀ.ਈ.ਵੀ ਸਕੂਲ ਸੈਕਟਰ-8 ਦੀ ਰੇਹਤ ਕਪੂਰ ਦੂਸਰੇ ਅਤੇ ਸਰਕਾਰੀ ਮਾਡਲ ਸਕੂਲ ਖੁੱਡਾ ਅਲੀ ਸੇਰ ਦੀ ਮਹਿਕ ਤੀਸਰੇ ਸਥਾਨ 'ਤੇ ਰਹੀ।

# ਧਰਮਗੜ੍ਹ ਦੁੱਧ ਉਤਪਾਦਕ ਸਹਿਕਾਰੀ ਸਭਾ ਨੇ ਬੋਨਸ ਵੰਡਿਆ

ਲਾਲੜੂ, 19 ਅਕਤੂਬਰ (ਰਾਜਬੀਰ ਸਿੰਘ)-'ਦੀ ਧਰਮਗੜ੍ਹ ਦੁੱਧ ਉਤਪਾਦਕ ਸਹਿਕਾਰੀ ਸਭਾ' ਵਲੋਂ ਵੇਰਕਾ ਮਿਲਕ ਪਲਾਂਟ ਦੀ ਡਾਇਰੈਕਟਰ ਪਰਮਜੀਤ ਕੌਰ ਤੇ ਸਾਬਕਾ ਵਾਈਸ ਚੇਅਰਮੈਨ ਸੁਰਿੰਦਰ ਸਿੰਘ ਧਰਮਗੜ੍ਹ ਦੀ ਅਗਵਾਈ ਹੇਠ ਦੁੱਧ ਉਤਪਾਦਕਾਂ ਨੂੰ ਬੋਨਸ ਵੰਡਿਆ ਗਿਆ। ਇਸ ਮੌਕੇ ਸਭ ਤੋਂ ਵੱਧ ਬੋਨਸ ਸੁਰੇਸ਼ ਕੁਮਾਰ ਨੂੰ 21,109 ਰੁ., ਦੂਜੇ ਨੰਬਰ ਉੱਤੇ ਓਂਕਾਰ ਸਿੰਘ ਨੂੰ 18,129 ਰੁ. ਅਤੇ ਤੀਜੇ ਨੰਬਰ 'ਤੇ ਸੰਦੀਪ ਕੁਮਾਰ ਨੂੰ 17,590 ਰੁ. ਬੋਨਸ ਦਿੱਤਾ ਗਿਆ। ਬੋਨਸ ਵੰਡਣ ਮੌਕੇ ਵੇਰਕਾ ਦੇ ਡਿਪਟੀ ਮੈਨੇਜਰ ਇਕਬਾਲ ਸਿੰਘ, ਨਿਰੀਖਕ ਇੰਸਪੈਕਟਰ ਮਨਦੀਪ ਸਿੰਘ, ਨਵਨੀਤ ਸੈਣੀ, ਏਰੀਆ ਇੰਚਾਰਜ ਸ਼ਿਵਤਾਰ ਸਿੰਘ, ਐਮ. ਪੀ. ਏ. ਜਸਪ੍ਰੀਤ ਸਿੰਘ, ਕਮੇਟੀ ਮੈਂਬਰ ਕਰਨੈਲ ਸਿੰਘ, ਰਾਜਿੰਦਰ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ ਸਭਾ ਸਕੱਤਰ ਗੁਰਦੀਪ ਸਿੰਘ ਅਤੇ ਹੋਰ ਦੁੱਧ ਉਤਪਾਦਕ ਸ਼ਾਮਿਲ ਸਨ। ਇਸ ਮੌਕੇ ਪਰਮਜੀਤ ਕੌਰ ਤੇ ਸੁਰਿੰਦਰ ਸਿੰਘ ਨੇ ਦੁੱਧ ਉਤਪਾਦਕਾਂ ਨੂੰ ਵੱਧ ਤੋਂ ਵੱਧ ਸਹਿਕਾਰੀ ਸਭਾਵਾਂ ਨਾਲ ਜੁੜ ਕੇ ਵੇਰਕਾ ਦੀਆਂ ਡੇਅਰੀਆਂ 'ਚ ਦੁੱਧ ਪਾਉਣ 'ਤੇ ਮੁਨਾਫ਼ਾ ਪ੍ਰਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਲੋਂ ਸਭਾ ਸਕੱਤਰਾਂ ਨੂੰ ਮਿਲ ਕੇ ਵੇਰਕਾ ਮਿਲਕ ਪਲਾਂਟ ਮੁਹਾਲੀ ਵਲੋਂ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਕਿ ਡਾਕਟਰੀ ਸਹੂਲਤ, ਹਰੇ ਚਾਰੇ ਦੇ ਬੀਜ, ਸੰਤੁਲਿਤ ਪਸ਼ੂ ਖੁਰਾਕ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ।

### ਮਾਮਲਾ ਮੁਹਾਲੀ, ਖਰੜ ਤੇ ਜ਼ੀਰਕਪੁਰ 'ਚ ਵਧ ਰਹੀ ਟ੍ਰੈਫ਼ਿਕ ਜਾਮ ਦੀ ਸਮੱਸਿਆ ਦਾ

# ਡਿਪਟੀ ਮੇਅਰ ਬੇਦੀ ਨੇ ਏ. ਡੀ. ਜੀ. ਪੀ. ਟ੍ਰੈਫ਼ਿਕ ਕੋਲੋਂ 500 ਵਾਧੂ ਜਵਾਨ ਤਾਇਨਾਤ ਕਰਨ ਦੀ ਕੀਤੀ ਮੰਗ

ਐੱਸ. ਏ. ਐੱਸ. ਨਗਰ, 19 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)- ਮੁਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਟ੍ਰਾਈਸਿਟੀ ਖੇਤਰ ਮੁਹਾਲੀ, ਖਰੜ ਤੇ ਜ਼ੀਰਕਪੁਰ 'ਚ ਲਗਾਤਾਰ ਵੱਧ ਰਹੀ ਟ੍ਰੈਫ਼ਿਕ ਜਾਮ ਦੀ ਸਮੱਸਿਆ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਇਸ ਸੰਬੰਧੀ ਉਨ੍ਹਾਂ ਪੰਜਾਬ ਪੁਲਿਸ ਦੇ ਏ. ਡੀ. ਜੀ. ਪੀ. ਟ੍ਰੈਫ਼ਿਕ ਨੂੰ ਚਿੱਠੀ ਲਿਖ ਕੇ ਮੁਹਾਲੀ ਖੇਤਰ ਲਈ ਘੱਟੋ-ਘੱਟ 500 ਵਾਧੂ ਟ੍ਰੈਫ਼ਿਕ ਪੁਲਿਸ ਜਵਾਨਾਂ ਦੀ ਤੁਰੰਤ ਤਾਇਨਾਤੀ ਕਰਨ ਦੀ ਮੰਗ ਕੀਤੀ ਹੈ। ਬੇਦੀ ਨੇ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਵਾਹਨਾਂ ਦੀ ਗਿਣਤੀ 'ਚ ਬੇਹੱਦ ਵਾਧਾ ਹੋ ਰਿਹਾ ਹੈ, ਜਿਸ ਨਾਲ ਮੁਹਾਲੀ ਦੀਆਂ ਮੁੱਖ ਸੜਕਾਂ, ਖਰੜ, ਡੇਰਾਬੱਸੀ ਰੋਡ, ਏਅਰਪੋਰਟ ਰੋਡ, ਸੈਕਟਰ 76-80, ਫੇਜ਼-7 ਤੋਂ ਫੇਜ਼-11 ਅਤੇ ਜ਼ੀਰਕਪੁਰ ਦੇ ਚੰਡੀਗੜ੍ਹ-ਅੰਬਾਲਾ ਹਾਈਵੇਅ ਤੇ ਪਟਿਆਲਾ ਰੋਡ 'ਤੇ ਲੰਬੇ ਜਾਮਾਂ ਦੀ ਸਥਿਤੀ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਜਾਮ ਸਿਰਫ ਆਮ ਯਾਤਰੀਆਂ ਲਈ ਨਹੀਂ ਸਗੋਂ ਐਮਰਜੈਂਸੀ ਵਾਹਨਾਂ, ਬਜ਼ੁਰਗਾਂ, ਮਹਿਲਾਵਾਂ, ਨੌਕਰੀਪੇਸ਼ਾ ਲੋਕਾਂ ਅਤੇ ਵਿਦਿਆਰਥੀਆਂ ਲਈ ਵੀ ਵੱਡੀ ਸਮੱਸਿਆ ਬਣੇ ਹੋਏ ਹਨ। ਬੇਦੀ ਨੇ ਚਿੰਤਾ ਜਤਾਈ ਕਿ ਮੁਹਾਲੀ 'ਚ ਮੌਜੂਦਾ ਟ੍ਰੈਫ਼ਿਕ ਪੁਲਿਸ ਦੀ ਗਿਣਤੀ ਇਸ ਵੇਲੇ ਬਹੁਤ ਘੱਟ ਹੈ ਅਤੇ ਮੌਜੂਦਾ ਸਟਾਫ਼ ਨਾਲ ਇੰਨੀ ਵੱਡੀ ਟ੍ਰੈਫ਼ਿਕ ਦਾ ਸੰਚਾਲਨ ਕਰਨਾ ਮੁਸ਼ਕਿਲ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਕਦਮ ਤੁਰੰਤ ਚੁਕਿਆ ਗਿਆ ਤਾਂ ਇਹ ਨਾ ਸਿਰਫ਼ ਮੁਹਾਲੀ ਲਈ ਸਗੋਂ ਪੂਰੇ ਟ੍ਰਾਈਸਿਟੀ ਖੇਤਰ ਲਈ ਲਾਭਦਾਇਕ ਸਾਬਿਤ ਹੋਵੇਗਾ ਕਿਉਂਕਿ ਮੁਹਾਲੀ, ਖਰੜ ਅਤੇ ਜ਼ੀਰਕਪੁਰ ਚੰਡੀਗੜ੍ਹ 'ਚ ਐਂਟਰੀ ਤੇ ਨਿਕਾਸ ਦੇ ਮੁੱਖ ਦੁਆਰ ਹਨ।



ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ।



ਵਾਟਿਕਾ ਸਪੈਸ਼ਲ ਸਕੂਲ ਦੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੀਆਂ ਮੋਮਬੱਤੀਆਂ ਤੇ ਦੀਵਾਲੀ ਨਾਲ ਸੰਬੰਧਿਤ ਹੋਰ ਸਾਮਾਨ।

# ਵਾਟਿਕਾ ਸਪੈਸ਼ਲ ਸਕੂਲ ਦੇ ਵਿਦਿਆਰਥੀਆਂ ਨੇ ਦੀਵਾਲੀ ਮੇਲਾ ਲਗਾਇਆ

ਚੰਡੀਗੜ੍ਹ, 19 ਅਕਤੂਬਰ(ਬਲਜਿੰਦਰ ਸਿੰਘ ਹਾਂਡਾ)-ਸਥਾਨਕ ਸ਼ਹਿਰ ਦੇ ਸੈਕਟਰ-19 ਸਥਿਤ ਗੂੰਗੇ ਡੈਫ ਤੇ ਡੰਮ ਵਾਟਿਕਾ ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਮੇਲਾ ਲਗਾਇਆ ਗਿਆ। ਇਸ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਕਵਿਤਾ ਸੋਬਤੀ ਨੇ ਦੱਸਿਆ ਕਿ ਵਿਦਿਆਰਥੀਆਂ ਵਲੋਂ ਬਣਾਏ ਗਏ ਦੀਵੇ ਅਤੇ ਮੋਮਬੱਤੀਆਂ ਦੇ ਸਟਾਲ ਲਗਾਏ ਗਏ। ਭਾਰਤੀ ਸੰਸਕ੍ਰਿਤਕ ਗਿਆਨ ਸੰਸਥਾ ਦੇ ਮੁਖੀ ਅਨੂਪ ਸਰੀਨ ਦੀ ਅਗਵਾਈ ਹੇਠ ਸੰਸਥਾ ਦੇ ਮੈਂਬਰਾਂ ਨੇ ਸਕੂਲ ਪਹੁੰਚ ਕੇ ਵਿਦਿਆਰਥੀ ਦੁਆਰਾ ਲਗਾਏ ਸਟਾਫ਼ ਦੇਖ ਕੇ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀ ਦੀ ਸਰਾਹਨਾ ਕੀਤੀ ਅਤੇ ਦੀਵੇ ਤੇ ਮੋਮਬੱਤੀਆਂ ਦੀ ਖ਼ਰੀਦ ਵੀ ਕੀਤੀ। ਇਸ ਸੰਸਥਾ ਨੇ ਸਕੂਲ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਸਫ਼ਾਈ ਕੈਂਪ ਵੀ ਲਗਾਇਆ।




CMYK